# The **Victim/Witness** Assistance Program

# **ਵਿਕਟਿਮ/ਵਿਟਨੈੱਸ** ਅਸਿਸਟੈਂਸ ਪ੍ਰੋਗਰਾਮ

ਇਹ ਪ੍ਰੋਗਰਾਮ ਹੇਠ ਲਿਖੇ ਕਾਰਜ ਨਹੀਂ ਕਰ ਸਕਦਾ:
- ਤੁਹਾਡੀ ਗਵਾਹੀ ਲੈਣਾ ਜਾਂ ਇਸ 'ਤੇ ਵਿਚਾਰ ਕਰਨਾ
- ਦੋਸ਼ ਵਾਪਸ ਲੈਣਾ
- ਬੱਚਿਆਂ ਦੀ ਦੇਖ-ਰੇਖ ਜਾਂ ਇਸ ਦਾ ਇੰਤਜ਼ਾਮ ਕਰਨਾ
- ਅਦਾਲਤ ਜਾਣ-ਆਉਣ ਲਈ ਸਫ਼ਰ ਦਾ ਇੰਤਜ਼ਾਮ ਕਰਨਾ

## ਮੈਂ ਪ੍ਰੋਗਰਾਮ ਨਾਲ ਸੰਪਰਕ ਕਿਵੇਂ ਕਰਾਂ?

Victim/Witness Assistance Program (ਵਿਕਟਿਮ ਵਿਟਨੈੱਸ ਅਸਿਸਟੈਂਸ ਪ੍ਰੋਗਰਾਮ - ਜ਼ੁਰਮ ਦੇ ਪੀੜਤਾਂ/ਗਵਾਹਾਂ ਦੀ ਮਦਦ ਦਾ ਪ੍ਰੋਗਰਾਮ) ਸਾਰੇ 54 ਅਦਾਲਤੀ ਹਲਕਿਆਂ ਵਿੱਚ Ministry of the Attorney General (ਨਿਆਂ ਮਹਿਕਮੇ) ਵੱਲੋਂ ਚਲਾਇਆ ਜਾਂਦਾ ਹੈ। ਆਪਣੇ ਨੇੜੇ ਦੇ ਦਫ਼ਤਰ ਬਾਰੇ ਪਤਾ ਕਰਨ ਲਈ **ਵਿਕਟਿਮ ਸੱਪੋਰਟ ਲਾਈਨ** ਨੂੰ 1-888-579-2888 'ਤੇ ਟੋਲ-ਫ੍ਰੀ, ਜਾਂ ਗ੍ਰੇਟਰ ਟੋਰੰਟੋ ਏਰੀਆ ਵਿੱਚ 416-314-2447 'ਤੇ ਫ਼ੋਨ ਕਰੋ ਜਾਂ ਵੈੱਬਸਾਈਟ **www.ontario.ca/victimservices** ਵੇਖੋ।

## ਵਿਕਟਿਮ/ਵਿਟਨੈੱਸ ਅਸਿਸਟੈਂਸ ਪ੍ਰੋਗਰਾਮ ਕੀ ਹੁੰਦਾ ਹੈ?

ਜੇ ਤੁਸੀਂ ਕਿਸੇ ਤਸ਼ੱਦਦ ਭਰੇ ਜ਼ੁਰਮ ਦੇ ਸ਼ਿਕਾਰ ਹੋ ਤਾਂ ਸੰਭਾਵਨਾ ਹੈ ਕਿ ਤੁਹਾਨੂੰ ਅਦਾਲਤ ਵਿੱਚ ਪੇਸ਼ ਹੋਣਾ ਪਵੇਗਾ। ਇਹ ਔਖੀ ਅਤੇ ਝੁੰਜਲਾ ਦੇਣ ਵਾਲੀ ਗੱਲ ਹੋ ਸਕਦੀ ਹੈ। ਫੌਜਦਾਰੀ ਅਦਾਲਤੀ ਪ੍ਰਣਾਲੀ ਬਾਰੇ ਅਤੇ ਤੁਹਾਡੇ ਤੋਂ ਕੀ ਉਮੀਦ ਕੀਤੀ ਜਾਵੇਗੀ, ਇਸ ਬਾਰੇ ਤੁਹਾਡੇ ਮਨ ਵਿੱਚ ਅਨੇਕਾਂ ਸਵਾਲ ਉੱਠ ਸਕਦੇ ਹਨ।

**ਵਿਕਟਿਮ/ਵਿਟਨੈੱਸ ਅਸਿਸਟੈਂਸ ਪ੍ਰੋਗਰਾਮ ਤੁਹਾਡੀ ਮਦਦ ਲਈ ਹੈ।** ਅਸੀਂ ਤੁਹਾਡੇ ਨਾਲ ਗੱਲ ਕਰਾਂਗੇ ਅਤੇ ਤੁਹਾਡੇ ਮਾਮਲੇ ਅਤੇ ਤੁਹਾਡੀਆਂ ਲੋੜਾਂ ਦੇ ਆਧਾਰ 'ਤੇ ਖਾਸ ਮਦਦ ਮੁਹੱਈਆ ਕਰਾਂਗੇ। ਸਾਡੀਆਂ ਸੇਵਾਵਾਂ ਪੁਲਿਸ ਵੱਲੋਂ ਦੋਸ਼ ਆਇਦ ਕਰਨ 'ਤੇ ਆਰੰਭ ਹੁੰਦੀਆਂ ਹਨ ਅਤੇ ਜਦੋਂ ਤਕ ਅਦਾਲਤੀ ਮਾਮਲਾ ਖ਼ਤਮ ਨਹੀਂ ਹੋ ਜਾਂਦਾ, ਚੱਲਦੀਆਂ ਰਹਿੰਦੀਆਂ ਹਨ।

## ਮਦਦ ਕੌਣ ਲੈ ਸਕਦਾ ਹੈ?

ਸੇਵਾਵਾਂ ਘਰੇਲੂ ਹਿੰਸਾ, ਬੱਚਿਆਂ ਨਾਲ ਬਦਸਲੂਕੀ, ਜਿਨਸੀ ਹਮਲਾ, ਬਜ਼ੁਰਗਾਂ ਨਾਲ ਬਦਸਲੂਕੀ, ਕਤਲ ਅਤੇ ਨਫ਼ਰਤ ਕਾਰਣ ਹੋਣ ਵਾਲੇ ਜ਼ੁਰਮਾਂ ਵਰਗੇ ਤਸ਼ੱਦਦ-ਭਰੇ ਜ਼ੁਰਮਾਂ ਦੇ ਮਜ਼ਲੂਮ ਪੀੜਤਾਂ ਅਤੇ ਗਵਾਹਾਂ ਨੂੰ ਤਰਜੀਹ ਦੇ ਆਧਾਰ 'ਤੇ ਦਿੱਤੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਅਸੀਂ ਹੇਠ ਲਿਖੇ ਮਾਮਲਿਆਂ ਵਿੱਚ ਮਦਦ ਪੇਸ਼ ਕਰਦੇ ਹਾਂ:
- ਖਾਸ ਲੋੜਾਂ ਵਾਲੇ ਪੀੜਤਾਂ ਲਈ,
- ਮਕਤੂਲਾਂ ਦੇ ਪਰਿਵਾਰਾਂ ਲਈ, ਅਤੇ
- ਅਜਿਹੇ ਸੜ੍ਹਕ ਹਾਦਸਿਆਂ ਵਿੱਚ ਮ੍ਰਿਤਕਾਂ ਦੇ ਪਰਿਵਾਰਾਂ ਲਈ ਜਿਨ੍ਹਾਂ ਵਿੱਚ ਫੌਜਦਾਰੀ ਦੋਸ਼ ਆਇਦ ਹੋਣ।

ਬੱਚਿਆਂ ਲਈ ਉਮਰ-ਮੁਤਾਬਕ ਢੁਕਵੀਂ ਜਾਣਕਾਰੀ ਅਤੇ ਸੇਵਾਵਾਂ ਮੌਜੂਦ ਹੁੰਦੀਆਂ ਹਨ।

## ਮੈਂ ਮਦਦ ਕਿਵੇਂ ਲੈ ਸਕਦਾ ਹਾਂ?

ਇੱਕ ਵਾਰੀ ਦੋਸ਼ ਲੱਗ ਜਾਣ, ਪੁਲਿਸ ਜਾਂ ਸਰਕਾਰੀ ਵਕੀਲ ਪੀੜਤਾਂ ਅਤੇ ਗਵਾਹਾਂ ਨੂੰ ਮਦਦ ਹਾਸਲ ਕਰਨ ਲਈ ਇਸ ਪ੍ਰੋਗਰਾਮ ਕੋਲ ਭੇਜਦਾ ਹੈ। ਜੇ ਤੁਸੀਂ ਤਸ਼ੱਦਦ-ਭਰੇ ਕਿਸੇ ਜੁਰਮ ਦੇ ਸ਼ਿਕਾਰ ਹੋ, ਤੁਸੀਂ ਖੁਦ ਵੀ ਪ੍ਰੋਗਰਾਮ ਦੀਆਂ ਸੇਵਾਵਾਂ ਹਾਸਲ ਕਰਨ ਲਈ ਆਪ ਫ਼ੋਨ ਕਰ ਸਕਦੇ ਹੋ ਜਾਂ ਆਪਣੀ ਬਿਨਾ 'ਤੇ ਕਿਸੇ ਹੋਰ ਤੋਂ ਫ਼ੋਨ ਕਰਵਾ ਸਕਦੇ ਹੋ। ਕਰਮਚਾਰੀ ਜਿੰਨ੍ਹੀ ਛੇਤੀ ਹੋ ਸਕੇ, ਸਹਾਰਾ ਦੇਣ ਅਤੇ ਸੁਰੱਖਿਆ ਸੰਬੰਧੀ ਕਿਸੇ ਵੀ ਫ਼ਿਕਰ 'ਤੇ ਕਾਰਵਾਈ ਲਈ ਤੁਹਾਡੇ ਨਾਲ ਸੰਪਰਕ ਕਰਨਗੇ।

## ਇਸ 'ਤੇ ਖ਼ਰਚ ਕਿੰਨ੍ਹਾ ਆਵੇਗਾ?

ਸੇਵਾਵਾਂ ਓਨਟੇਰੀਓ ਭਰ ਵਿੱਚ ਮੁਫ਼ਤ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

## ਕਿਸ ਤਰ੍ਹਾਂ ਦੀ ਮਦਦ ਮਿਲ ਸਕਦੀ ਹੈ?

ਵਿਕਟਿਮ/ਵਿਟਨੈੱਸ ਪ੍ਰੋਗਰਾਮ ਹੇਠ ਲਿਖੀਆਂ ਸਹੂਲਤਾਂ ਪੇਸ਼ ਕਰਦਾ ਹੈ:

- ਫੌਜਦਾਰੀ ਨਿਆਂ ਪ੍ਰਣਾਲੀ, ਅਦਾਲਤਾਂ ਦੀਆਂ ਕਾਰਵਾਈਆਂ ਅਤੇ ਅਦਾਲਤ ਵਿੱਚ ਤੁਹਾਡੀ ਭੂਮਿਕਾ ਬਾਰੇ ਤੁਹਾਡੇ ਸਵਾਲਾਂ ਦੇ ਜਵਾਬ ਦੇਣਾ,
- ਇਹ ਸਮਝਣ ਵਿੱਚ ਤੁਹਾਡੀ ਮਦਦ ਕਰਨਾ ਕਿ ਹਰ ਅਦਾਲਤੀ ਪੇਸ਼ੀ 'ਤੇ ਕੀ ਉਮੀਦ ਕਰਨੀ ਚਾਹੀਦੀ ਹੈ ਅਤੇ ਤੁਹਾਨੂੰ ਪੇਸ਼ੀ ਲਈ ਤਿਆਰ ਕਰਨਾ,
- ਤੁਹਾਨੂੰ ਅਦਾਲਤੀ ਕਾਗਜ਼ਾਤ, ਜਿਵੇਂ ਜ਼ਮਾਨਤ ਦੀਆਂ ਸ਼ਰਤਾਂ ਅਤੇ ਪ੍ਰੋਬੇਸ਼ਨ ਦੇ ਹੁਕਮਾਂ ਦੀਆਂ ਨਕਲਾਂ ਪ੍ਰਦਾਨ ਕਰਨਾ,
- ਤੁਹਾਡੀ ਬਿਨਾ 'ਤੇ ਸਰਕਾਰੀ ਵਕੀਲ ਨਾਲ ਜਾਂ ਮਾਮਲੇ ਲਈ ਜ਼ਿੰਮੇਵਾਰ ਪੁਲਿਸ ਅਫ਼ਸਰ ਨਾਲ ਸੰਪਰਕ ਕਰਨਾ,
- ਸਮੁੱਚੀ ਅਦਾਲਤੀ ਕਾਰਵਾਈ ਦੌਰਾਨ ਜਜ਼ਬਾਤੀ ਤੌਰ 'ਤੇ ਹਿਮਾਇਤ ਪ੍ਰਦਾਨ ਕਰਨਾ,
- ਤੁਹਾਨੂੰ ਸ਼ਹਿਰ ਵਿਚਲੇ ਅਜਿਹੇ ਅਦਾਰਿਆਂ ਕੋਲ ਭੇਜਣਾ ਜਿਨ੍ਹਾਂ ਦੀਆਂ ਕੌਂਸਲਿੰਗ ਅਤੇ ਸੁਰੱਖਿਆ ਯੋਜਨਾਬੰਦੀ ਵਰਗੀਆਂ ਸੇਵਾਵਾਂ ਦੀ ਹੋ ਸਕਦਾ ਹੈ ਤੁਹਾਨੂੰ ਲੋੜ ਹੋਵੇ,
- ਘਰੇਲੂ ਤਸ਼ੱਦਦ ਦੇ ਮਾਮਲਿਆਂ ਵਿੱਚ ਅਤੇ/ਜਾਂ ਕੋਈ ਖਾਸ ਲੋੜਾਂ ਪੂਰੀਆਂ ਕਰਨ ਲਈ ਬੋਲੀ ਦੇ ਅਨੁਵਾਦਕਾਂ ਦਾ ਇੰਤਜ਼ਾਮ ਕਰਨਾ, ਅਤੇ
- ਤੁਹਾਨੂੰ Victim Impact Statement (ਪੀੜਤ 'ਤੇ ਹੋਏ ਅਸਰ ਦਾ ਬਿਆਨ) ਸਮਝਣ ਅਤੇ ਤਿਆਰ ਕਰਨ ਵਿੱਚ ਮਦਦ ਦੇਣਾ।